# ਵਿਆਨਾ ਦੀ ਕਾਂਗਰਸ

## The Congress of Vienna

ਭੂਮਿਕਾ :- ਨੈਪੋਲੀਅਨ ਨੂੰ ਹਰਾਉਣ ਵਿੱਚ ਆਸਟਰੀਆ, ਪਰਸ਼ੀਆ, ਰੂਸ ਅਤੇ ਇੰਗਲੈਂਡ ਇਨ੍ਹਾਂ ਦੇਸ਼ਾਂ ਦਾ ਮਹੱਤਵਪੂਰਨ ਹੱਥ ਸੀ। ਪੈਰਿਸ ਦੀ ਸੰਧੀ ਅਨੁਸਾਰ ਨੈਪੋਲੀਅਨ ਤੋਂ ਉਹ ਸਾਰੇ ਪ੍ਰਦੇਸ਼ ਵਾਪਸ ਲੈ ਲਏ ਗਏ ਜੋ ਉਸਨੇ ਵੱਖ ਵੱਖ ਯੂਰਪੀ ਦੇਸ਼ਾਂ ਤੋਂ ਜਿੱਤੇ ਸਨ। ਇਹਨਾਂ ਪ੍ਰਦੇਸ਼ਾਂ ਦੀ ਵੰਡ ਕਰਨ ਲਈ ਅਤੇ ਯੂਰਪੀ ਮਹਾਂਦੀਪ ਵਿੱਚ ਸ਼ਾਂਤੀ ਸਥਾਪਤ ਕਰਨ ਲਈ ਪ੍ਰਮੁੱਖ ਯੂਰਪੀ ਦੇਸ਼ ਆਸਟਰੀਆ ਦੀ ਰਾਜਧਾਨੀ ਵਿਆਨਾ ਵਿਖੇ ਇਕੱਠੇ ਹੋਏ ਕਿਉਂਕਿ ਆਸਟਰੀਆ ਨੈਪੋਲੀਅਨ ਵਿਰੋਧੀ ਯੁੱਧਾਂ ਵਿੱਚ ਭਾਗ ਲੈਣ ਵਾਲਾ ਮਹੱਤਵਪੂਰਨ ਦੇਸ਼ ਸੀ ਅਤੇ ਆਸਟਰੀਆ ਦੇ ਪ੍ਰਭਾਵਸ਼ਾਲੀ ਚਾਂਸਲਰ ਮੈਟਰਨਿਖ ਕਰਕੇ ਆਸਟਰੀਆ ਨੂੰ ਇਸ ਮਹਾਨ ਸੰਮੇਲਨ ਦਾ ਸਥਾਨ ਚੁਣਿਆ ਗਿਆ।

ਹੇਜ਼ਨ ਦੇ ਕਥਨ ਅਨੁਸਾਰ, "ਇਸ ਤੋਂ ਪਹਿਲਾਂ ਯੂਰਪ ਦੇ ਕਿਸੇ ਸਮਾਗਮ ਵਿੱਚ ਇੰਨੇ ਮੰਨੇ-ਪ੍ਰਮੰਨੇ ਵਿਅਕਤੀਆਂ ਨੇ ਭਾਗ ਨਹੀਂ ਲਿਆ ਸੀ।"

"Never before had there seen such an assemblage of celebrities." -Hazen.

ਇਸ ਸੰਮੇਲਨ ਵਿੱਚ ਇਸਦੇ ਨੇਤਾਵਾਂ ਨੂੰ ਬੜੀਆਂ ਗੰਭੀਰ ਅਤੇ ਪੇਚੀਦਾ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ। ਪਰ ਆਪਸੀ ਮੱਤਭੇਦਾਂ ਨੂੰ ਨਿਪਟਾਉਂਦੇ ਹੋਏ ਉਹ ਕੁਝ ਮਹੱਤਵਪੂਰਨ ਫੈਸਲੇ ਕਰਨ ਵਿੱਚ ਸਫਲ ਹੋਏ, ਜੋ ਸਮੁੱਚੇ ਰੂਪ ਵਿੱਚ ਵਿਆਨਾ ਦੀ ਸੰਧੀ ਅਖਵਾਉਂਦੇ ਹਨ। ਇਸ ਦੇ ਨੇਤਾਵਾਂ ਨੇ ਮੁੱਖ ਫੈਸਲੇ ਕਰਨ ਤੋਂ ਪਹਿਲਾਂ

sbp Where Life Changes

ਆਪਣੇ ਕੁਝ ਸਾਂਝੇ ਉਦੇਸ਼ ਅਤੇ ਸਿਧਾਂਤ ਬਣਾਏ, ਜਿਸਦੇ ਮੁਤਾਬਿਕ ਸਾਰੇ ਮਹੱਤਵਪੂਰਨ ਫੈਸਲੇ ਕੀਤੇ ਗਏ

## ਉਦੇਸ਼ (Objects)

ਨਵੰਬਰ 1814 ਈ: ਵਿੱਚ ਯੂਰਪ ਦੇ ਵੱਖ ਵੱਖ ਭਾਗਾਂ ਤੋਂ ਪ੍ਰਸਿੱਧ ਰਾਜੇ, ਮੰਤਰੀ, ਪੱਤਰਕਾਰ ਅਤੇ ਉੱਚ ਅਧਿਕਾਰੀ ਇਸ ਸੰਮੇਲਨ ਵਿੱਚ ਸ਼ਾਮਲ ਹੋਣ ਲਈ ਆਸਟਰੀਆ ਦੀ ਰਾਜਧਾਨੀ ਵਿਆਨਾ ਵਿੱਚ ਪਹੁੰਚੇ। ਰੂਸ ਦਾ ਜ਼ਾਰ ਅਲੈਗਜ਼ੈਂਡਰ, ਆਸਟਰੀਆ ਦਾ ਸਮਰਾਟ ਫਰਾਂਸਿਸ ਪਹਿਲਾ, ਪ੍ਰਸ਼ੀਆ ਦਾ ਫਰੈਡਰਿਕ ਵਿਲੀਅਮ ਤੀਜਾ ਅਤੇ ਇੰਗਲੈਂਡ ਦੀ ਪ੍ਰਤੀਨਿਧਤਾ ਲਾਰਡ ਕੈਸਲਰੇ ਨੇ ਕੀਤੀ ਪਰ ਇਸ ਸੰਮੇਲਨ ਦਾ ਸਭ ਤੋਂ ਪ੍ਰਭਾਵਸ਼ਾਲੀ ਵਿਅਕਤੀ ਆਸਟਰੀਆ ਦਾ ਚਾਂਸਲਰ ਮੈਟਰਨਿਖ ਸੀ, ਜਿਸਨੇ ਫੈਸਲੇ ਕਰਾਉਣ ਵਿੱਚ ਆਪਣਾ ਪੂਰਾ ਪ੍ਰਭਾਵ ਪਾਇਆ। ਗੰਭੀਰ ਮੱਤਭੇਦਾਂ ਅਤੇ ਸਵਾਰਥੀ ਹਿੱਤਾਂ ਦੇ ਹੁੰਦੇ ਹੋਏ ਇਸਦੇ ਪ੍ਰਤੀਨਿਧੀ ਇੱਕ ਸਮਝੌਤਾ ਕਰਨ ਵਿੱਚ ਸਫਲ ਹੋਏ ਜਿਸ ਨੂੰ ਵਿਆਨਾ ਦੀ ਸੰਧੀ ਕਿਹਾ ਜਾਂਦਾ ਹੈ। ਇਹ ਸਮਝੌਤਾ ਕਰਦੇ ਹੋਏ ਕਈ ਉਦੇਸ਼ਾਂ ਅਤੇ ਸਿਧਾਂਤਾਂ ਨੂੰ ਸੰਮੁਖ ਰੱਖਿਆ ਗਿਆ ਤਾਂ ਕਿ ਯੂਰਪ ਵਿੱਚ ਸਥਾਈ ਸ਼ਾਂਤੀ ਦੀ ਸਥਾਪਨਾ ਹੋ ਸਕੇ।

1. ਇਸ ਕਾਂਗਰਸ ਦਾ ਪਹਿਲਾ ਉਦੇਸ਼ ਯੂਰਪ ਵਿੱਚ ਸਥਾਈ ਸ਼ਾਂਤੀ ਦੀ ਸਥਾਪਨਾ ਕਰਨਾ ਸੀ ਕਿਉਂਕਿ ਫਰਾਂਸ ਵਿਰੁੱਧ ਲਗਾਤਾਰ ਲੜਾਈਆਂ ਤੋਂ ਯੂਰਪੀ ਦੇਸ਼ ਅੱਕ ਚੁੱਕੇ ਸਨ।
2. ਫਰਾਂਸ ਦੇ ਇਰਦ ਗਿਰਦ ਸ਼ਕਤੀਸ਼ਾਲੀ ਰਾਜਾਂ ਦੀ ਸਥਾਪਨਾ ਕਰਨੀ ਸੀ ਤਾਂ ਕਿ ਫਰਾਂਸ, ਯੂਰਪ ਦੀ ਸ਼ਾਂਤੀ ਨੂੰ ਭੰਗ ਨਾ ਕਰ ਸਕੇ।

Date:

S M T W T F S

3. ਵਿਆਨਾ ਕਾਂਗਰਸ ਦਾ ਤੀਜਾ ਉਦੇਸ਼ ਸੁਤੰਤਰਤਾ, ਸਮਾਨਤਾ ਅਤੇ ਭਾਈਚਾਰੇ ਦੇ ਨਾਅਰਿਆਂ ਤੋਂ ਸੁਰੱਖਿਅਤ ਰੱਖਣਾ ਸੀ ਤਾਂ ਕਿ ਕ੍ਰਾਂਤੀ ਦੇ ਸਿਧਾਂਤਾਂ ਤੋਂ ਯੂਰਪੀ ਮਹਾਂਦੀਪ ਨੂੰ ਸੁਰੱਖਿਅਤ ਰੱਖਿਆ ਜਾ ਸਕੇ।

4. ਜਿਹੜੇ ਦੇਸ਼ਾਂ ਨੇ ਲੜਾਈ ਵਿੱਚ ਨੈਪੋਲੀਅਨ ਦਾ ਸਾਥ ਦਿੱਤਾ ਸੀ, ਉਹਨਾਂ ਦੇਸ਼ਾਂ ਵਿਰੁੱਧ ਉਚਿੱਤ ਕਾਰਵਾਈ ਕਰਕੇ ਦੰਡ ਦੇਣਾ ਇਸਦਾ ਚੌਥਾ ਉਦੇਸ਼ ਸੀ।

5. ਫਰਾਂਸ ਨੂੰ ਸੈਨਿਕ ਪੱਖ ਤੋਂ ਕਮਜ਼ੋਰ ਕਰਨਾ ਵੀ ਵਿਆਨਾ ਕਾਂਗਰਸ ਦਾ ਉਦੇਸ਼ ਸੀ ਤਾਂ ਕਿ ਉਹ ਯੂਰਪ ਦੀ ਸ਼ਾਂਤੀ ਨੂੰ ਭੰਗ ਨਾ ਕਰ ਸਕੇ।

6. ਨੈਪੋਲੀਅਨ ਦੇ ਸ਼ਕਤੀ ਪ੍ਰਾਪਤ ਕਰਨ ਦੇ ਸਮੇਂ ਤੋਂ ਲੈ ਕੇ 1815 ਈ: ਤੱਕ ਜੋ ਵਿਨਾਸ਼ ਉਸਨੇ ਯੂਰਪੀ ਦੇਸ਼ਾਂ ਦਾ ਕੀਤਾ ਸੀ, ਉਸਦੀ ਸਜ਼ਾ ਵੀ ਫਰਾਂਸ ਨੂੰ ਦਿੱਤੀ ਜਾਣੀ ਸੀ।

## ਵਿਆਨਾ ਕਾਂਗਰਸ ਦੇ ਮੁੱਖ ਸਿਧਾਂਤ

## (Main Decisions of the Vienna Congress)

1. ਸ਼ਕਤੀ ਸੰਤੁਲਨ ਦਾ ਸਿਧਾਂਤ :- ਵਿਆਨਾ ਕਾਂਗਰਸ ਨੇ ਇਲਾਕਿਆਂ ਦੀ ਵੰਡ ਕਰਨ ਸਬੰਧੀ ਸ਼ਕਤੀ ਸੰਤੁਲਨ ਦੇ ਸਿਧਾਂਤ ਨੂੰ ਅਪਣਾਇਆ। ਉਹ ਚਾਹੁੰਦੇ ਸਨ ਕਿ ਇਲਾਕਿਆਂ ਦੀ ਵੰਡ ਇਸ ਪ੍ਰਕਾਰ ਕੀਤੀ ਜਾਵੇ ਕਿ ਕੋਈ ਵੀ ਦੇਸ਼ ਐਨਾ ਸ਼ਕਤੀਸ਼ਾਲੀ ਨਾ ਹੋ ਸਕੇ ਕਿ ਉਹ ਯੂਰਪ ਦੀ ਸ਼ਾਂਤੀ ਭੰਗ ਕਰ ਸਕੇ। ਇਸੇ ਕਰਕੇ ਫਰਾਂਸ ਦੇ ਆਲੇ-ਦੁਆਲੇ ਦੇ ਛੋਟੇ ਛੋਟੇ ਰਾਜਾਂ ਨੂੰ ਸ਼ਕਤੀਸ਼ਾਲੀ ਬਣਾ ਦਿੱਤਾ ਗਿਆ ਤਾਂ ਕਿ ਉਹ ਹਮਲਾ ਕਰਨ ਦੀ ਸੂਰਤ ਵਿੱਚ ਆਪਣੇ ਆਪ ਨੂੰ ਬਚਾ ਸਕਿਆ

ਹੋਇਆ ਮਹਿਸੂਸ ਕਰੇ ਤਾਂ ਕਿ ਉਹ ਯੂਰਪ ਦੀ ਸ਼ਾਂਤੀ ਨੂੰ ਭੰਗ ਨਾ ਕਰ ਸਕੇ।

2. **ਉਚਿਤ ਅਧਿਕਾਰ ਦਾ ਸਿਧਾਂਤ** :- ਵਿਆਨਾ ਕਾਂਗਰਸ ਦੇ ਨੇਤਾਵਾਂ ਨੇ ਉਚਿਤ ਅਧਿਕਾਰ ਦੇ ਸਿਧਾਂਤ ਮੁਤਾਬਿਕ ਯੂਰਪ ਵਿੱਚ 1789 ਈ: ਦੀ ਕ੍ਰਾਂਤੀ ਤੋਂ ਪਹਿਲਾਂ ਵਾਲੀ ਸਥਿਤੀ ਲਿਆਉਣ ਦਾ ਯਤਨ ਕੀਤਾ। ਉਹ ਨੈਪੋਲੀਅਨ ਪਾਸੋਂ ਪ੍ਰਾਪਤ ਕੀਤੇ ਗਏ ਇਲਾਕਿਆਂ ਉੱਤੇ ਉੱਥੇ ਦੇ ਪੁਰਾਣੇ ਉਚਿਤ ਹਾਕਮਾਂ ਜਾਂ ਵੰਸ਼ਾਂ ਦਾ ਰਾਜ ਸਥਾਪਿਤ ਕਰਨਾ ਚਾਹੁੰਦੇ ਸਨ। ਇਹ ਸਿਧਾਂਤ ਫਰਾਂਸ ਦੇ ਵਿਦੇਸ਼ ਮੰਤਰੀ 'ਤੈਲੀਰਾਂ' ਦੁਆਰਾ ਫੈਸਿਲਾ ਗਿਆ ਸੀ।

3. **ਹਾਨੀ ਪੂਰਤੀ ਦਾ ਸਿਧਾਂਤ** :- ਇਸ ਸਿਧਾਂਤ ਅਨੁਸਾਰ ਕਾਂਗਰਸ ਦੇ ਨੇਤਾ ਨੈਪੋਲੀਅਨ ਵਿਰੁੱਧ ਲੜ ਚੁੱਕੇ ਦੇਸ਼ਾਂ ਦੀ ਹੋਈ ਹਾਨੀ ਦੀ ਪੂਰਤੀ ਕਰਨਾ ਚਾਹੁੰਦੇ ਸਨ। ਕਿਉਂਕਿ ਫਰਾਂਸ ਵਿਰੁੱਧ ਲੜੀਆਂ ਲੰਮੀਆਂ ਲੜਾਈਆਂ ਵਿੱਚ ਆਸਟਰੀਆ, ਇੰਗਲੈਂਡ, ਰੂਸ ਤੇ ਪ੍ਰਸ਼ੀਆ ਦਾ ਭਾਰੀ ਨੁਕਸਾਨ ਹੋਇਆ ਸੀ ਅਤੇ ਉਨ੍ਹਾਂ ਨੂੰ ਅਨੇਕਾਂ ਕਸ਼ਟ ਝੱਲਣੇ ਪਏ। ਇਸ ਹਾਨੀ ਪੂਰਤੀ ਦਾ ਸ਼ਿਕਾਰ ਉਹਨਾਂ ਦੇਸ਼ਾਂ ਨੇ ਬਣਨਾ ਸੀ ਜਿਨ੍ਹਾਂ ਨੇ ਮਿੱਤਰ ਦੇਸ਼ਾਂ ਦੇ ਵਿਰੁੱਧ ਨੈਪੋਲੀਅਨ ਦਾ ਸਾਥ ਦਿੱਤਾ ਸੀ।

## ਵਿਆਨਾ ਕਾਂਗਰਸ ਦੇ ਮੁੱਖ ਫੈਸਲੇ
## (Main Decisions of the Vienna Congress)

1815 ਈ: ਦੀ ਵਿਆਨਾ ਕਾਂਗਰਸ ਦੇ ਨੇਤਾਵਾਂ ਨੇ ਉਪਰੋਕਤ ਉਦੇਸ਼ਾਂ ਅਤੇ ਸਿਧਾਂਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਵੱਖ-ਵੱਖ ਦੇਸ਼ਾਂ ਸਬੰਧੀ ਹੇਠ ਲਿਖੇ ਅਨੁਸਾਰ ਫੈਸਲੇ ਕੀਤੇ:-

Date:

S M T W T F S

1. ~~ਫਰਾਂਸ :- ਫਰਾਂਸ ਤੋਂ ਉਹ ਸਾਰੇ ਇਲਾਕੇ ਵਾਪਸ ਲੈ ਲਏ ਗਏ ਜੋ~~ ਨੈਪੋਲੀਅਨ ਨੇ ਜਿੱਤੇ ਸਨ। ਫਰਾਂਸ ਦੀ ਸੀਮਾ 1790 ਈ: ਦੇ ਫਰਾਂਸ ਦੇ ਬਰਾਬਰ ਕਰ ਦਿੱਤੀ ਗਈ।

2. ਉੱਚਿਤ ਅਧਿਕਾਰ ਦੇ ਸਿਧਾਂਤ ਨੂੰ ਅਪਣਾਉਂਦੇ ਹੋਏ ਲੂਈ ਸੋਲਵੇਂ ਦੇ ਭਰਾ ਲੂਈ ਅਠਾਰਵੇਂ ਨੂੰ ਫਰਾਂਸ ਦੀ ਗੱਦੀ ਉੱਤੇ ਬਿਠਾ ਦਿੱਤਾ ਗਿਆ।

3. ਫਰਾਂਸ ਵਿੱਚ 1½ ਲੱਖ ਦੀ ਸੈਨਾ ਵੈਲਿੰਗਟਨ ਦੀ ਅਗਵਾਈ ਵਿੱਚ ਰੱਖੀ ਗਈ ਤਾਂ ਕਿ ਫਰਾਂਸ ਵਿਆਨਾ ਸਮਝੌਤੇ ਦੀਆਂ ਸ਼ਰਤਾਂ ਦੀ ਉਲੰਘਣਾ ਨਾ ਕਰ ਸਕੇ। ਇਹ ਸੈਨਾ ਫਰਾਂਸ ਵਿੱਚ ਪੰਜ ਸਾਲ ਠਹਿਰਨੀ ਸੀ ਤੇ ਸਾਰਾ ਖਰਚਾ ਫਰਾਂਸ ਨੇ ਦੇਣਾ ਸੀ।

4. ਯੁੱਧ ਦੇ ਹਰਜਾਨੇ ਵਜੋਂ ਫਰਾਂਸ ਉੱਤੇ 70 ਕਰੋੜ ਫ੍ਰੈਂਕ ਦਾ ਜੁਰਮਾਨਾ ਲਗਾਇਆ ਗਿਆ ਜੋ ਉਸ ਨੇ ਪੰਜ ਸਾਲਾਂ ਵਿੱਚ ਅਦਾ ਕਰਨਾ ਸੀ।

5. ਫਰਾਂਸ ਦੀ ਸੈਨਿਕ ਸ਼ਕਤੀ ਘਟਾ ਦਿੱਤੀ ਗਈ ਤੇ ਉਸਦੇ ਆਲੇ ਦੁਆਲੇ ਸ਼ਕਤੀਸ਼ਾਲੀ ਰਾਜ ਸਥਾਪਿਤ ਕਰ ਦਿੱਤੇ ਗਏ ਤਾਂ ਜੋ ਫਰਾਂਸ ਆਪਣੇ ਰਾਜ ਦਾ ਵਿਸਥਾਰ ਨਾ ਕਰ ਸਕੇ।

6. ਫਰਾਂਸ ਦੇ ਪ੍ਰਸਿੱਧ ਕਿਲ੍ਹੇ ਪੰਜ ਸਾਲਾਂ ਲਈ ਇੰਗਲੈਂਡ ਦੇ ਅਧੀਨ ਕਰ ਦਿੱਤੇ ਗਏ।

7. ਫਰਾਂਸ ਤੋਂ ਚਿੱਤਰਕਲਾ ਦੇ ਉਹ ਸਾਰੇ ਨਮੂਨੇ ਵਾਪਸ ਲੈ ਲਏ ਗਏ ਜੋ ਉਸਨੇ ਵੱਖ ਵੱਖ ਯੂਰਪੀ ਦੇਸ਼ਾਂ ਤੋਂ ਯੁੱਧ ਦੇ ਦੌਰਾਨ ਜ਼ਬਰਦਸਤੀ ਪ੍ਰਾਪਤ ਕੀਤੇ ਸਨ।

sbp
Where Life Changes

Date: ____________

2 ਰੂਸ :- ਰੂਸ ਨੇ ਨੈਪੋਲੀਅਨ ਦੇ ਪਤਨ ਵਿੱਚ ਮਹੱਤਵਪੂਰਨ ਯੋਗਦਾਨ ਦਿੱਤਾ ਸੀ। ਜਿਸਦੇ ਸਿੱਟੇ ਵਜੋਂ ਉਸਨੂੰ ਵਿਆਨਾ ਸੰਮੇਲਨ ਤੋਂ ਲਾਭਕਾਰੀ ਪ੍ਰਦੇਸ਼ਾਂ ਦੀ ਪ੍ਰਾਪਤੀ ਹੋਈ।

1. ਰੂਸ ਨੂੰ ਵਾਰਸਾ ਦੀ ਡੱਚੀ ਦਾ (ਪੋਸਨ ਤੇ ਥੋਰਨ ਨੂੰ ਛੱਡ ਕੇ) ਲੱਗਭਗ ਸਾਰਾ ਭਾਗ ਪ੍ਰਾਪਤ ਹੋਇਆ।
2. ਰੂਸ ਦਾ ਫਿਨਲੈਂਡ ਤੇ ਅਧਿਕਾਰ ਪ੍ਰਦਾਨ ਕਰ ਲਿਆ ਗਿਆ।
3. ਬਸਰੇਬੀਆ ਵੀ ਉਸ ਪਾਸ ਹੀ ਰਹਿਣ ਦੇ ਦਿੱਤਾ ਜਿਹੜਾ ਉਸਨੇ ਤੁਰਕੀ ਤੋਂ ਪ੍ਰਾਪਤ ਕੀਤਾ ਸੀ।

3 ਪ੍ਰਸ਼ੀਆ (Prussia) - ਵਿਆਨਾ ਕਾਂਗਰਸ ਵਿੱਚੋਂ ਪ੍ਰਸ਼ੀਆ ਨੂੰ ਬਹੁਤ ਲਾਭ ਹੋਇਆ, ਉਸਨੇ ਨੈਪੋਲੀਅਨ ਦੇ ਕਾਲ ਵਿੱਚ ਬਹੁਤ ਕੁਝ ਗੁਆਇਆ ਸੀ, ਉਸਦੀ ਪ੍ਰਾਪਤੀ।

1. ਵਾਰਸਾ ਦੀ ਡੱਚੀ ਵਿੱਚ ਪੋਸਨ, ਥੋਰਨ ਅਤੇ ਡੈਂਜ਼ਿਗ ਦੇ ਇਲਾਕੇ ਪ੍ਰਾਪਤ ਹੋਏ।
2. ਪ੍ਰਸ਼ੀਆ ਨੂੰ ਬਾਲਟਿਕ ਸਾਗਰ ਦੇ ਕਿਨਾਰੇ ਉੱਤੇ ਸਥਿਤ ਜਰਮਨ ਰਿਆਸਤ ਸਵੀਡਿਸ਼ ਪਾਮਰੇਨੀਆ ਦੇ ਇਲਾਕੇ ਮਿਲੇ।
3. ਰਾਇਨ ਪ੍ਰਦੇਸ਼ ਵਿੱਚ ਪ੍ਰਸ਼ੀਆ ਨੂੰ ਵੈਸਟਫੇਲੀਆ, ਕਲੀਵਜ਼ ਅਤੇ ਬਰਗ ਦੇ ਇਲਾਕੇ ਪ੍ਰਾਪਤ ਹੋਏ।

ਇਹਨਾਂ ਪ੍ਰਾਪਤੀਆਂ ਕਰਕੇ ਪ੍ਰਸ਼ੀਆ ਜਰਮਨੀ ਵਿੱਚ ਆਪਣਾ ਪ੍ਰਭਾਵ ਸਥਾਪਿਤ ਕਰ ਸਕਿਆ ਅਤੇ ਉਸਨੇ ਕੁਝ ਹੀ ਸਾਲਾਂ ਵਿੱਚ ਜਰਮਨੀ ਵਿੱਚੋਂ ~~ਆਪਣਾ ਪ੍ਰਭਾਵ~~ ਆਸਟਰੀਆ ਦਾ ਰਾਜਨੀਤਕ ਮਹੱਤਵ ਖਤਮ ਕਰ ਦਿੱਤਾ, ਤੇ ਜਰਮਨ ਰਾਜਾਂ

Date: S M T W T F S

ਦਾ ਹੌਂਸਲਾ ਵਧ ਗਿਆ। ਇਸ ਕਰਕੇ 1870-71 ਦੇ ਵਿੱਚ ਪ੍ਰਸ਼ੀਆ ਦੀ ਅਗਵਾਈ ਵਿੱਚ ਜਰਮਨੀ ਦਾ ਏਕੀਕਰਨ ਹੋ ਸਕਿਆ।

4. ਆਸਟਰੀਆ (Austria) :-

1. ਸ਼ਕਤੀ ਸੰਤੁਲਨ ਰੱਖਣ ਲਈ ਆਸਟਰੀਆ ਪਾਸੋਂ ਬੈਲਜੀਅਮ (ਆਸਟਰੀਅਨ ਨੀਦਰਲੈਂਡ) ਦੇ ਪ੍ਰਦੇਸ਼ ਲੈ ਕੇ, ਉਸਦੇ ਬਦਲੇ ਵਿੱਚ ਉਸਨੂੰ ਉੱਤਰੀ ਇਟਲੀ ਵਿੱਚ ਵੈਨੇਸ਼ੀਆ ਤੇ ਲੋਂਬਾਰਡੀ ਦੇ ਇਲਾਕੇ ਦੇ ਦਿੱਤੇ ਗਏ।

2. ਆਸਟਰੀਆ ਨੂੰ ਐਡਰੀਆਟਿਕ ਸਾਗਰ ਉੱਤੇ ਸਥਿਤ ਇਲੀਰੀਅਨ ਦਾ ਪ੍ਰਾਂਤ ਵੀ ਪ੍ਰਾਪਤ ਹੋਇਆ।

3. ਆਸਟਰੀਆ ਨੂੰ ਰੂਸ ਤੋਂ ਗਲਿਸ਼ੀਆ ਤੇ ਬੈਵੇਰੀਆ ਤੋਂ ਟਾਇਰੋਲ ਦੇ ਇਲਾਕੇ ਵੀ ਮਿਲੇ।

5. ਇਟਲੀ (Italy) :- ਵਿਆਨਾ ਕਾਂਗਰਸ ਨੇ ਇਟਲੀ ਵਿੱਚ ਨੈਪੋਲੀਅਨ ਦੁਆਰਾ ਸਥਾਪਿਤ ਵਿਵਸਥਾ ਦਾ ਅੰਤ ਕਰ ਦਿੱਤਾ ਅਤੇ ਫਰਾਂਸੀਸੀ ਕ੍ਰਾਂਤੀ ਤੋਂ ਪਹਿਲਾਂ ਵਾਲੀ ਹਾਲਤ ਬਹਾਲ ਕਰ ਦਿੱਤੀ।-

1. ਨੇਪਲਜ਼ ਤੇ ਸਿਸਲੀ ਦੇ ਰਾਜ ਉੱਤੇ ਬੂਰਬੋਂ ਵੰਸ਼ ਦੇ ਰਾਜ ਫਰਡੀਨੈਂਡ ਚੌਥੇ ਦਾ ਰਾਜ ਸਥਾਪਿਤ ਕਰ ਦਿੱਤਾ ਗਿਆ।

2 ਪੀਡਮਾਂਟ ਤੇ ਸਾਰਡੀਨੀਆ ਦੇ ਰਾਜ ਨੂੰ ਨੀਸ, ਸੇਵਾਏ ਅਤੇ ਜੇਨੋਆ ਦੇ ਪ੍ਰਦੇਸ਼ ਦਿੱਤੇ ਗਏ ਅਤੇ ਇਸ ਉੱਤੇ ਵਿਕਟਰ ਏਮੈਨੁਅਲ ਦਾ ਅਧਿਕਾਰ ਸਵੀਕਾਰ ਕਰ ਲਿਆ ਗਿਆ।

3. ਪੋਪ ਨੂੰ ਰੋਮ ਦਾ ਰਾਜ ਵਾਪਸ ਦੇ ਦਿੱਤਾ ਗਿਆ।

4. ਨੈਪੋਲੀਅਨ ਦੀ ਦੂਸਰੀ ਪਤਨੀ ਮੇਰੀ ਲੁਈਸ ਨੂੰ ਪਰਮਾ ਦੀ ਡੱਚੀ

Date:

ਦਾ ਰਾਜ ਦੇ ਦਿੱਤਾ ਗਿਆ।

5. ਲੋਂਬਾਰਡੀ ਤੇ ਵੈਨੇਸ਼ੀਆ ਦੇ ਰਾਜਾਂ ਉੱਤੇ ਆਸਟਰੀਆ ਦਾ ਅਧਿਕਾਰ ਪ੍ਰਦਾਨ ਕਰ ਦਿੱਤਾ ਗਿਆ।

6. ਆਸਟਰੀਆ ਦੇ ਹੈਪਸਬਰਗ ਰਾਜਕੁਮਾਰਾਂ ਨੂੰ ਟਸਕਨੀ ਅਤੇ ਮੋਡੇਨਾ ਦੇ ਰਾਜ ਦੇ ਦਿੱਤੇ ਗਏ।

ਇਸ ਪ੍ਰਕਾਰ ਇਟਲੀ ਵਿੱਚ ਲਗਭਗ ਉਹੀ ਵਿਵਸਥਾ ਕਾਇਮ ਕਰ ਦਿੱਤੀ ਗਈ ਜੋ 1789 ਈ: ਤੋਂ ਪਹਿਲਾਂ ਕਾਇਮ ਸੀ।

6. ਜਰਮਨੀ (Germany):- ਜਰਮਨੀ ਵਿੱਚ ਬਹੁਤ ਛੋਟੇ ਛੋਟੇ ਰਾਜ ਸੀ ਜਿਨ੍ਹਾਂ ਦੀ ਗਿਣਤੀ ਲਗਭਗ 300 ਤੋਂ ਵੱਧ ਸੀ। ਇੱਥੇ ਉਚਿਤ ਅਧਿਕਾਰ ਦੀ ਵਰਤੋਂ ਨਾ ਕੀਤੀ ਗਈ ਕਿਉਂਕਿ ਇਸਦਾ ਆਸਟਰੀਆ ਤੇ ਪ੍ਰਸ਼ੀਆ ਨੇ ਵਿਰੋਧ ਕੀਤਾ। ਸਟੇਨ ਵਰਗੇ ਨੇਤਾ ਸਾਰੇ ਜਰਮਨ ਰਾਜਾਂ ਨੂੰ ਇੱਕ ਸ਼ਾਸਕ ਦੇ ਅਧੀਨ ਇਕੱਤਰ ਕਰਨਾ ਚਾਹੁੰਦੇ ਸਨ ਪਰ ਇਸ ਲਈ ਮੈਟਰਨਿਖ ਤੇ ਦੱਖਣੀ ਜਰਮਨ ਰਾਜ ਸਹਿਮਤ ਨਹੀਂ ਹੋਏ। ਅੰਤ ਵਿੱਚ 39 ਜਰਮਨ ਰਾਜਾਂ ਦਾ ਇੱਕ ਢਿੱਲਾ ਜਿਹਾ ਸੰਘ ਕਾਇਮ ਕਰ ਦਿੱਤਾ ਗਿਆ। ਇਸਦੀ ਕੇਂਦਰੀ ਸਭਾ ਫ੍ਰੈਂਕਫਰਟ ਵਿੱਚ ਸਥਾਪਿਤ ਕੀਤੀ ਗਈ, ਜਿਸਦਾ ਪ੍ਰਧਾਨ ਸਥਾਈ ਰੂਪ ਵਿੱਚ ਆਸਟਰੀਆ ਸੀ ਤੇ ਇਸਦੇ ਸਾਰੇ ਮੈਂਬਰ ਆਪਣੇ ਰਾਜਾਂ ਦੇ ਮੈਂਬਰ ਆਪਣੇ ਰਾਜਾਂ ਦੇ ਅੰਦਰੂਨੀ ਮਾਮਲਿਆਂ ਵਿੱਚ ਪੂਰੀ ਤਰ੍ਹਾਂ ਆਜ਼ਾਦ ਸਨ।

7 ਹਾਲੈਂਡ ਤੇ ਬੈਲਜ਼ੀਅਮ (Holland and Belgium):-

1. ਵਿਆਨਾ ਦੀ ਸੰਧੀ ਅਨੁਸਾਰ ਹਾਲੈਂਡ ਉੱਤੇ ਓਰੇਂਜ਼ ਵੰਸ਼ ਦਾ ਰਾਜ ਦੁਬਾਰਾ ਸਥਾਪਿਤ ਕਰ ਦਿੱਤਾ ਗਿਆ ਅਤੇ ਬੈਲਜ਼ੀਅਮ

sbp Where Life Changes

ਨੂੰ ਵੀ ਉਸ ਵਿੱਚ ਸ਼ਾਮਲ ਕਰ ਦਿੱਤਾ ਗਿਆ। ਹੁਣ ਇਸ ਦਾ ਨਾਂ ਨੀਦਰਲੈਂਡ ਰੱਖ ਦਿੱਤਾ ਗਿਆ।

2. ਫਰਾਂਸ ਦੀ ਉੱਤਰੀ ਸੀਮਾ ਉੱਤੇ ਸ਼ਕਤੀਸ਼ਾਲੀ ਰਾਜ ਬਣਾਉਣ ਲਈ ਹਾਲੈਂਡ ਨੂੰ ਜਾਵਾ ਦੀ ਪ੍ਰਸਿੱਧ ਬਸਤੀ ਦੇ ਦਿੱਤੀ ਗਈ।

3. ਫਰਾਂਸ ਵਿੱਚ ਆਪਣੀ ਸੀਮਾ ਨੂੰ ਮਜ਼ਬੂਤ ਬਣਾਉਣ ਲਈ ਹਾਲੈਂਡ ਨੂੰ 20 ਲੱਖ ਪੌਂਡ ਦੀ ਧਨ ਰਾਸ਼ੀ ਵੀ ਦਿੱਤੀ ਗਈ।

8. <u>ਸਪੇਨ</u> ਤੇ <u>ਪੁਰਤਗਾਲ</u> (Spain and Portugal) :- ਸਪੇਨ ਤੇ ਪੁਰਤਗਾਲ ਦੀਆਂ ਪੁਰਾਣੀਆਂ ਸੀਮਾਵਾਂ ਮੁੜ ਸਥਾਪਿਤ ਕਰ ਦਿੱਤੀਆਂ ਗਈਆਂ ਅਤੇ ਉਨ੍ਹਾਂ ਉੱਤੇ ਉੱਥੋਂ ਦੇ ਪੁਰਾਣੇ ਰਾਜਿਆਂ ਦੇ ਅਤੇ ਵੰਸ਼ਾਂ ਦਾ ਅਧਿਕਾਰ ਮੰਨ ਲਿਆ ਗਿਆ।

9. <u>ਡੈਨਮਾਰਕ</u> (Denmark) :- ਡੈਨਮਾਰਕ ਨੇ 1813 ਈ: ਵਿੱਚ ਲਿਪਜ਼ਿਗ ਦੇ ਯੁੱਧ ਵਿੱਚ ਨੈਪੋਲੀਅਨ ਦਾ ਸਾਥ ਦਿੱਤਾ ਸੀ। ਜਿਸਦੇ ਸਿੱਟੇ ਵਜੋਂ ਉਸਤੋਂ ਨਾਰਵੇ ਦਾ ਇਲਾਕਾ ਖੋਹ ਕੇ ਸਵੀਡਨ ਨੂੰ ਦੇ ਦਿੱਤਾ ਗਿਆ।

10 ਸਵਿਟਜ਼ਰਲੈਂਡ (Switzerland) :- ਸਵਿਟਜ਼ਰਲੈਂਡ ਨੂੰ ਸ਼ਕਤੀਸ਼ਾਲੀ ਬਣਾਉਣ ਲਈ ਇਸ ਵਿੱਚ ਤਿੰਨ ਨਵੇਂ ਪ੍ਰਦੇਸ਼ ਮਿਲਾ ਦਿੱਤੇ ਗਏ ਅਤੇ ਇਸਦੀ ਨਿਰਪੱਖਤਾ ਤੇ ਸੁਤੰਤਰਤਾ ਨੂੰ ਸਾਰੇ ਦੇਸ਼ਾਂ ਨੇ ਪ੍ਰਵਾਨ ਕਰ ਲਿਆ।

11 ਇੰਗਲੈਂਡ (England) :-

1. ਇੰਗਲੈਂਡ ਨੂੰ ਯੂਰਪ ਵਿੱਚ ਮਾਲਟਾ, ਹੈਲੀਗੋਲੈਂਡ ਅਤੇ ਆਇਓਨੀਅਨ ਦੇ ਦੀਪ ਮਿਲੇ।

sbp' Where Life Changes

2. ਇੰਗਲੈਂਡ ਨੂੰ ਯੂਰਪ ਤੋਂ ਬਾਹਰ ਸਪੇਨ ਤੋਂ ਤ੍ਰਿਨੀਦਾਦ, ਫਰਾਂਸ ਤੋਂ ਮਾਰੀਸ਼ੀਅਸ, ਸੇਂਟ ਟੋਬੈਗੋ, ਹੰਫ੍ਰਸਮ ਤੇ ਸੇਂਟ ਲੂਸੀਆ ਅਤੇ ਹਾਲੈਂਡ ਤੋਂ ਕੇਪ ਕਾਲੋਨੀ ਤੇ ਲੰਕਾ ਦੇ ਪ੍ਰਦੇਸ਼ ਪ੍ਰਾਪਤ ਹੋਏ।

ਇਹਨਾਂ ਉਪਰੋਕਤ ਕੰਮਾਂ ਤੋਂ ਇਲਾਵਾ ਵਿਆਨਾ ਕਾਂਗਰਸ ਨੇ ਕਈ ਹੋਰ ਮਹੱਤਵਪੂਰਨ ਕੰਮ ਕੀਤੇ। ਜਿਨ੍ਹਾਂ ਦਾ ਉਦੇਸ਼ ਮਨੁੱਖ ਜਾਤੀ ਦੀ ਭਲਾਈ ਨਾਲ ਨਾਲ ਅੰਤਰ ਰਾਸ਼ਟਰੀ ਭਾਵਨਾ ਦਾ ਵਿਕਾਸ ਕਰਨਾ ਸੀ।

1. ਦਾਸ ਪ੍ਰਥਾ ਦਾ ਅੰਤ :- ਦਾਸ ਪ੍ਰਥਾ ਪ੍ਰਾਚੀਨ ਸਮੇਂ ਤੋਂ ਚੱਲੀ ਆ ਰਹੀ ਸੀ। ਦਾਸਾਂ ਨਾਲ ਬੜਾ ਮਾੜਾ ਸਲੂਕ ਕੀਤਾ ਜਾਂਦਾ ਸੀ। ਇੰਗਲੈਂਡ ਦੇ ਪ੍ਰਤੀਨਿਧੀ ਕੈਸਲਰੇ ਦੇ ਯਤਨਾਂ ਸਦਕਾ ਦਾਸ ਪ੍ਰਥਾ ਦੀ ਨਿਖੇਧੀ ਕੀਤੀ ਗਈ ਤੇ ਇਸਦੇ ਅੰਤ ਲਈ ਇੱਕ ਪ੍ਰਸਤਾਵ ਵੀ ਪਾਸ ਕੀਤਾ ਗਿਆ। ਪਰ ਇਸ ਦੀ ਪਾਲਣਾ ਦਾ ਕੰਮ ਦੇਸ਼ ਦੇ ਸ਼ਾਸਕਾਂ ਦੀ ਮਰਜ਼ੀ ਤੇ ਛੱਡ ਦਿੱਤਾ ਗਿਆ।

2. ਅੰਤਰ-ਰਾਸ਼ਟਰੀ ਜਹਾਜ਼ਰਾਨੀ ਦਾ ਕਾਨੂੰਨ :- ਵਪਾਰ ਦੀ ਉੱਨਤੀ ਤੇ ਵਿਕਾਸ ਲਈ ਵਿਆਨਾ ਦੀ ਕਾਂਗਰਸ ਨੇ ਅੰਤਰ-ਰਾਸ਼ਟਰੀ ਜਹਾਜ਼ਰਾਨੀ ਦਾ ਕਾਨੂੰਨ ਪਾਸ ਕੀਤਾ। ~~ਜਿਸ~~ ਇਸ ਕਾਨੂੰਨ ਰਾਹੀਂ ਮਹਾਂਦੀਪ ਦੀਆਂ ਬਹੁਤ ਸਾਰੀਆਂ ਨਦੀਆਂ ਜਿਵੇਂ ਰਾਇਨ, ਐੱਲਬ, ਨੀਮਨ ਯੂਰਪ ਦੇ ਸਾਰੇ ਦੇਸ਼ਾਂ ਨੂੰ ਵਪਾਰ ਕਰਨ ਦੀ ਖੁੱਲ ਦਿੱਤੀ ਗਈ। ਇਸ ਨਾਲ ਯੂਰਪੀ ਦੇਸ਼ਾਂ ਦਾ ਵਪਾਰ ਪ੍ਰਫੁੱਲਤ ਹੋਇਆ।

3. ਯੂਰਪੀ ਸੰਯੁਕਤ ਵਿਵਸਥਾ :- ਵਿਆਨਾ ਕਾਂਗਰਸ ਅੰਤਿਮ ਤੇ ਮਹੱਤਵਪੂਰਨ ਫੈਸਲਾ ਯੂਰਪੀ ਸੰਯੁਕਤ ਵਿਵਸਥਾ ਦੀ ਸਥਾਪਨਾ ਕਰਨਾ ਸੀ ਤਾਂ ਜੋ ਮਹਾਂਦੀਪ ਵਿੱਚ ਸ਼ਾਂਤੀ ਕਾਇਮ ਹੋ ਸਕੇ

ਇਸ ਵਿੱਚ ਇੰਗਲੈਂਡ, ਆਸਟਰੀਆ, ਪ੍ਰਸ਼ੀਆ ਅਤੇ ਰੂਸ ਨੂੰ ਸ਼ਾਮਲ ਕੀਤਾ ਗਿਆ। 1815 ਈ: ਤੋਂ 1823 ਈ: ਤੱਕ ਇਸ ਵਿਵਸਥਾ ਦੇ ਮੈਂਬਰਾਂ ਦੇ ਕਈ ਸਥਾਨਾਂ ਉੱਤੇ ਸੰਮੇਲਨ ਹੋਏ ਜਿਨ੍ਹਾਂ ਵਿੱਚ ਮਹਾਂਦੀਪੀ ਸਮੱਸਿਆਵਾਂ ਨੂੰ ਹੱਲ ਕਰਨ ਦੇ ਯਤਨ ਕੀਤੇ ਗਏ।

**ਸਿੱਟਾ :- (Conclusion) :-**

1815 ਈ: ਦੀ ਵਿਆਨਾ ਕਾਂਗਰਸ ਆਪਣੇ ਉਦੇਸ਼ਾਂ ਅਤੇ ਸਿਧਾਂਤਾਂ ਤੇ ਚਲਦੇ ਹੋਏ ਮਹੱਤਵਪੂਰਣ ਫੈਸਲੇ ਕਰਨ ਵਿੱਚ ਸਫਲ ਰਹੀ। ਭਾਵੇਂ ਕਿ ਉਸਦੇ ਮੈਂਬਰਾਂ ਵਿੱਚ ਬਹੁਤ ਸਾਰੇ ਮੱਤਭੇਦ ਅਤੇ ਵਿਰੋਧੀ ਉਦੇਸ਼ ਸਨ ਫਿਰ ਵੀ ਉਹ ਅਜਿਹੇ ਸਮਝੌਤੇ ਉੱਤੇ ਸਫਲ ਰਹੀ ਜਿਹੜਾ ਕਿ ਸ਼ਾਂਤੀ ਸਥਾਪਿਤ ਕਰਨ ਲਈ ਚਿਰ ਸਥਾਈ ਸਿੱਧ ਹੋਇਆ। ਭਾਵੇਂ ਵਿਆਨਾ ਕਾਂਗਰਸ ਦੇ ਨੇਤਾਵਾਂ ਨੇ ਆਪਣਾ ਕੰਮ ਬੜੇ ਚੰਗੇ ਢੰਗ ਨਾਲ ਕੀਤਾ ਪਰ ਉਹਨਾਂ ਨੇ ਰਾਸ਼ਟਰਵਾਦ ਤੇ ਪ੍ਰਜਾਤੰਤਰ ਦੇ ਸਿਧਾਂਤਾਂ ਨੂੰ ਅੱਖੋਂ ਪਰੋਖੇ ਕੀਤਾ। ਕਿਉਂਕਿ ਉਹ ਇਸਦੇ ਮਹੱਤਵ ਨੂੰ ਉਸ ਸਮੇਂ ਨਹੀਂ ਸਮਝ ਸਕੇ ਸਨ।

Prof. Jaswinder Singh (H.O.D)
Dr. Harminder Kaur
Deptt. History
Akal Degree College
Mastuana Sahib.